ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ, ਪੰਜਾਬ,
ਦਫ: ਵਣ ਮੰਡਲ ਅਫਸਰ,
ਨਜ਼ਦੀਕ ਪਿੰਡ ਉਸਮਾਨ ਸ਼ਹੀਦ, ਦਸੂਹਾ, ਜਿਲ੍ਹਾ: ਹੁਸ਼ਿਆਰਪੁਰ।
(ਫੋਨ ਨੰ: 01883-283007, ਈ-ਮੇਲ dfodasuya@gmail.com)

ਸੇਵਾ ਵਿਖੇ,

ਨੋਡਲ ਅਫਸਰ (ਐਫ.ਸੀ.ਏ)
ਅਤੇ ਮੁੱਖ ਵਣ ਪਾਲ
ਵਣ ਭਵਨ, ਸੈਕਟਰ-68,
ਸਾਹਿਬਜਾਦਾ ਅਜੀਤ ਸਿੰਘ ਨਗਰ।

ਨੰਬਰ 1365 ਮਿਤੀ 15-10-2018

ਵਿਸ਼ਾ:Diversion of 0.5392 ha of forest land for construction of Marriage Palace on Mukerian to Talwara Road Km 22-23 L/s at village Sathwan P.O Fatehpur Tehsil Mukerian Distt. Hoshiarpur Under Dasuya Forest Division. ( Under Section 4 & 5 PLPA 1900)
**Proposal No – FP/PB/OTHERS/31455/2018**

-*-

ਮੈਸ: ਸ਼੍ਰੀ ਰਜਿੰਦਰ ਸਿੰਘ ਅਤੇ ਸ਼੍ਰੀਮਤੀ ਰੀਤੂ ਰਾਣੀ ਵਲੋ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜ਼ਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇੱਕ ਪ੍ਰਾਈਵੇਟ ਦਾ ਅਦਾਰਾ ਹੈ। ਇਸ ਤਜਵੀਜ ਵਿੱਚ ਪੀ.ਐਲ.ਪੀ.ਏ 1900 ਦੀ ਧਾਰਾ 4 ਅਤੇ 5 ਅਧੀਨ 0.5392 ਹੈਕਟਰ ਰਕਬਾ ਪ੍ਰਭਾਵਿਤ ਹੁੰਦਾ ਹੈ ਅਤੇ ਇਸ ਰਕਬੇ ਵਿੱਚ ਕੋਈ ਵੀ ਰੁੱਖ ਪ੍ਰਭਾਵਿਤ ਨਹੀ ਹੁੰਦਾ ਹੈ। ਇਸ ਸਬੰਧੀ ਯੂਜਰ ਏਜੰਸੀ ਵਲੋ ਫਾਈਲ ਨੰਬਰ **FP/PB/Others/31455/2018** date 18-01-2018 ਨੂੰ ਆਨ ਲਾਈਨ ਕਰਵਾ ਦਿੱਤਾ ਗਿਆ ਹੈ। ਇਸ ਸਬੰਧੀ ਨਿਮਨਹਸਤਾਖਰ ਵਲੋ ਰਕਬੇ ਦਾ ਮਿਤੀ 29/08/18 ਨੂੰ ਨਿੱਜੀ ਤੌਰ ਤੇ ਨਿਰੀਖਣ ਕਰ ਲਿਆ ਗਿਆ ਹੈ। ਜਿਸ ਦਾ ਲੋੜੀਦਾ ਸਰਟੀਫਿਕੇਟ ਤਜਵੀਜ ਨਾਲ ਨੱਥੀ ਪੰਨਾ ..... ਤੇ ਹੈ।

ਇਸ ਕੇਸ ਵਿੱਚ ਕੰਪਨਸੇਟਰੀ ਅਫਾਰੈਸਟੇਸ਼ਨ ਲਈ 1.348 ਹੈਕਟਰ ਰਕਬਾ ਬੇਈ ਚੈਨਲ ਦਾ ਸੱਜਾ ਪਾਸਾ ( ਭੂਸਾਂ ਪੁੱਲ ਤੋ) ਚੁਣਿਆ ਗਿਆ ਹੈ।

ਸਬੰਧਤ ਯੂਜਰ ਏਜੰਸੀ ਵਲੋ ਡਾਇਵਰਟ ਹੋਣ ਵਾਲੇ ਵਣ ਰਕਬੇ ਦੀ ਕੰਪਨਸੇਟਰੀ ਅਫਾਰੈਸਟੇਸ਼ਨ ਲਈ ਬਣਦੀ ਰਕਮ 656445/- ਰੁਪਏ ਅਤੇ ਨੈਟ ਪਰੈਜ਼ਟ ਵੈਲਯੂ 337539.20/-ਰੁਪਏ ਕੁੱਲ 993984.20/-ਰੁਪਏ/ Or say 993985/-ਰੁਪਏ ਜਮ੍ਹਾ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਇਸ ਕੇਸ ਨੂੰ ਵਣ ਸੁਰੱਖਿਆ ਐਕਟ 1980 ਦੇ ਸੈਕਸ਼ਨ 2 ਤਹਿਤ ਇਹ ਤਜਵੀਜ ਸਿਫਾਰਸ ਸਹਿਤ 2 ਪੜਤਾਂ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਇਸ ਤੋ ਇਲਾਵਾ ਯੂਜਰ ਏਜੰਸੀ ਵਲੋ 1000/-ਰੁਪਏ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਵੀ ਜਮਾ ਕਰਵਾ ਦਿੱਤੀ ਗਈ ਹੈ। ਯੂਜਰ ਏਜੰਸੀ ਵਲੋ ਪ੍ਰਭਾਵਿਤ ਰਕਬੇ ਦੀ 50/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ 269600/-ਰੁਪਏ ਸੈਟਰਲ ਕੋਆਪਰੇਟਿਵ ਬੈਂਕ ਦਤਾਰਪੁਰ ਵਿੱਚ ਗਰੀਨਿੰਗ ਪੰਜਾਬ ਫੰਡ ਦੇ ਖਾਤਾ ਨੰ:1488000101175523 ਪੰਜਾਬ ਨੈਸਨਲ ਬੈਂਕ ਸੈਕਟਰ-9 ਚੰਡੀਗੜ੍ਹ ਵਿਚ UTR No UTIBN18199002649 ਰਾਂਹੀ 269600- ਰੁਪਏ ਮਿਤੀ 18-07-2018 ਰਾਂਹੀ ਜਮਾ ਕਰਵਾ ਦਿੱਤੇ ਗਏ ਹਨ। ਇਸ ਲਈ ਕੇਸ 2 ਪੜਤਾਂ ਵਿਚ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਤੋ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

ਸਹਿਪੱਤਰ/ਉਪਰੋਕਤ ਵਾਂਗ।

ਵਣ ਮੰਡਲ ਅਫਸਰ,
ਦਸੂਹਾ ਵਣ ਮੰਡਲ,
ਦਸੂਹਾ।

ਪਿੱਠਅੰਕਣ ਨੰ: ਮਿਤੀ:

ਇਸ ਦੀ ਨਕਲ ਹੇਠ ਲਿਖਿਆ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ:-

1) ਵਣ ਪਾਲ ਨਾਰਥ ਸਰਕਲ ਪੰਜਾਬ ਹੁਸ਼ਿਆਰਪੁਰ ਜੀ ਨੂੰ ਉਪਰੋਕਤ ਕੇਸ ਦੀ ਇੱਕ ਪੜ੍ਹਤ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਰੇਂਜ ਅਫਸਰ, ਤਲਵਾੜਾ-2 ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਬਿਨ੍ਹਾ ਭਾਰਤ ਸਰਕਾਰ ਦੀ ਪਵ੍ਹਾਨਗੀ ਤੋ ਬਿਨਾਂ ਯੂਜਰ ਏਜੰਸੀ ਨੂੰ ਫਾਰੈਸਟ ਲੈਂਡ ਤੇ ਕਿਸੇ ਕਿਸਮ ਦਾ ਕੰਮ ਨਾ ਕਰਨ ਦਿੱਤਾ ਜਾਵੇ।

3) ਸ਼੍ਰੀ ਰਵਿੰਦਰ ਸਿੰਘ ਅਤੇ ਸ਼੍ਰੀਮਤੀ ਰੀਤੂ ਰਾਣੀ ਪਿੰਡ ਸੱਥਵਾਂ ਡਾਕ ਫਤਹਿਪੁਰ ਤਹਿਸੀਲ ਮੁਕੇਰੀਆ, ਜਿਲ੍ਹਾ ਹੁਸ਼ਿਆਰਪੁਰ ਨੂੰ ਸੂਚਨਾਂ ਹਿੱਤ ਭੇਜੀ ਜਾਦੀ ਹੈ।

ਵਣ ਮੰਡਲ ਅਫਸਰ,
ਦਸੂਹਾ ਵਣ ਮੰਡਲ,
ਦਸੂਹਾ।